BRITISH COLUMBIA

# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਹਿਤ | ਵਿੱਤ ਮੰਤਰਾਲਾ
2021FIN0023-000744
20 ਅਪ੍ਰੈਲ, 2021

## ਬਜਟ 2021 ਰਾਹੀਂ ਮਜ਼ਬੂਤ ਆਰਥਕ ਮੁੜ-ਬਹਾਲੀ ਦੀ ਨੀਂਹ ਦੇ ਨਿਰਮਾਣ ਨਾਲ ਹੁਣ ਲੋਕਾਂ ਨੂੰ ਮਦਦ ਮਿਲੇਗੀ

ਵਿਕਟੋਰੀਆ- ਬਜਟ 2021, ਸੇਵਾਵਾਂ, ਬੁਨਿਆਦੀ ਢਾਂਚੇ ਅਤੇ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਅਤੇ ਹਰ ਇੱਕ ਲਈ ਇੱਕ ਉੱਜਲੇ ਭਵਿੱਖ ਦੇ ਅਵਸਰਾਂ ਨੂੰ ਸਹਾਰਾ ਦੇਣ ਲਈ ਨਿਵੇਸ਼ ਕਰਦਿਆਂ, ਇਸ ਮਹਾਮਾਰੀ ਦੌਰਾਨ ਲੋਕਾਂ ਦੀ ਸਿਹਤ ਅਤੇ ਉਪਜੀਵਕਾ ਨੂੰ ਸੁਰੱਖਿਅਤ ਕਰਨ ‘ਤੇ ਕੇਂਦ੍ਰਿਤ ਹੈ।

ਬਜਟ 2021 ਫ਼ੌਰੀ ਚੁਣੌਤੀਆਂ ਦਾ ਸਮਾਧਾਨ ਕਰਦਾ ਹੈ ਅਤੇ ਸਿਹਤ ਅਤੇ ਮਾਨਸਕ ਸਿਹਤ ਸੇਵਾਵਾਂ, ਕਾਰੋਬਾਰਾਂ ਲਈ ਮਦਦ, ਖ਼ਰੀਦ-ਪਹੁੰਚ ਯੋਗ ਰਿਹਾਇਸ਼ ਅਤੇ ਬਾਲ-ਸੰਭਾਲ, ਪਰਿਵਾਰਾਂ ਲਈ ਜੀਵਨ ਨੂੰ ਖ਼ਰੀਦ-ਪਹੁੰਚ ਯੋਗ ਬਣਾਈ ਰੱਖਣ, ਅਤੇ ਰਿਕਾਰਡ ਪੱਧਰ ‘ਤੇ ਰੁਜ਼ਗਾਰ ਪੈਦਾ ਕਰਨ ਵਾਲੇ ਭਾਈਚਾਰਕ ਢਾਂਚੇ ਵਿੱਚ ਨਵੇਂ ਨਿਵੇਸ਼ ਕਰ ਕੇ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਦੀ ਬੁਨਿਆਦ ਦਾ ਨਿਰਮਾਣ ਕਰਦਾ ਹੈ।

“ਪਿਛਲੇ ਸਾਲ ਵਿੱਚ ਜਿਸ ਕਠਿਨਾਈ ਦਾ ਅਸੀਂ ਸਾਹਮਣਾ ਕੀਤਾ ਹੈ, ਉਸ ਦੌਰਾਨ ਅਸੀਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਬਾਰ ਬਾਰ ਹਾਲਾਤ ਅਨੁਸਾਰ ਢਲਣ ਦੀ ਸਮਰੱਥਾ ਵੇਖੀ ਹੈ, ਜਦੋਂ ਭਾਈਚਾਰੇ ਕੋਵਿਡ-19 ਦੀਆਂ ਚੁਣੌਤੀਆਂ ਦੇ ਮੁਕਾਬਲੇ ਵਿੱਚ ਖੜ੍ਹੇ ਹੋ ਗਏ। ਹੁਣ ਜਦੋਂ ਅਸੀਂ ਆਪਣੇ ਸੂਬੇ ਦੇ ਇਤਿਹਾਸ ਵਿੱਚ ਟੀਕਾਕਰਣ ਦੇ ਸਭ ਤੋਂ ਵੱਡੇ ਯਤਨ ਨੂੰ ਅੰਜਾਮ ਦਿੰਦੇ ਆ ਰਹੇ ਹਾਂ, ਤਾਂ ਸਾਨੂੰ ਸੁਰੰਗ ਦੇ ਦੂਸਰੇ ਸਿਰੇ ‘ਤੇ ਰੋਸ਼ਨੀ ਦਿਖਾਈ ਦੇ ਰਹੀ ਹੈ,” ਸੈਲੀਨਾ ਰੌਬਿਨਸਨ, ਵਿੱਤ ਮੰਤਰੀ ਨੇ ਕਿਹਾ, “ਅਸੀਂ ਜਾਣਦੇ ਹਾਂ ਕਿ ਆਰਥਕ ਮੁੜ-ਬਹਾਲੀ ਰਾਤੋ ਰਾਤ ਨਹੀਂ ਹੋ ਸਕਦੀ, ਪਰ ਉਨ੍ਹਾਂ ਚੀਜ਼ਾਂ ‘ਤੇ ਧਿਆਨ ਕੇਂਦ੍ਰਿਤ ਕਰਨ ਨਾਲ ਜਿਨ੍ਹਾਂ ਦੀ ਲੋਕਾਂ ਲਈ ਸਭ ਤੋਂ ਵੱਧ ਮਹੱਤਤਾ ਹੈ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਆਉਣ ਵਾਲੇ ਦਿਨ ਹਰ ਇੱਕ ਲਈ ਬਿਹਤਰ ਹੋਣ।”

### ਬਿਹਤਰ ਸਿਹਤ-ਸੰਭਾਲ

- ਟੈੱਸਟ ਕਰਨ, ਸੰਪਰਕ-ਖੋਜ, ਨਿਜੀ ਸੁਰੱਖਿਆ ਉਪਕਰਣ ਅਤੇ ਬੀ ਸੀ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਵੈਕਸੀਨ ਵਿਤਰਣ ਵਿੱਚ $900 ਮਿਲੀਅਨ ਦੀ ਨਵੀਂ ਮਾਲੀ ਮਦਦ ਨਾਲ ਇਸ ਮਹਾਮਾਰੀ ਦੌਰਾਨ ਲੋਕਾਂ ਨੂੰ ਸੁਰੱਖਿਅਤ ਰੱਖਣਾ।
- ਉਪ੍ਰੇਸ਼ਨਾਂ ਲਈ ਤੇਜ਼ੀ ਨਾਲ ਪਹੁੰਚ ਕਰ ਸਕਣ ਵਿੱਚ ਮਰੀਜ਼ਾਂ ਦੀ ਮਦਦ ਕਰਨਾ ਅਤੇ ਡਾਇਗਨੌਸਟਿਕ ਇਮੇਜਿੰਗ ਲਈ ਉਡੀਕ ਦਾ ਸਮਾਂ ਪਹਿਲਾਂ ਨਾਲੋਂ ਘੱਟ ਕਰਨਾ।
- ਬਜ਼ੁਰਗਾਂ ਲਈ ਬਿਹਤਰ ਸਾਂਭ-ਸੰਭਾਲ, ਜਿਸ ਵਿੱਚ ਲੌਂਗ-ਟਰਮ ਕੇਅਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਨਵੇਂ ਕਰਮਚਾਰੀ ਅਤੇ ਘਰਾਂ ਵਿੱਚ ਬਿਹਤਰ ਸਾਂਭ-ਸੰਭਾਲ ਸ਼ਾਮਲ ਹੈ।
- ਸਕੂਲਾਂ ਵਿੱਚ ਮਾਨਸਕ ਸਿਹਤ ਲਈ ਹੋਰ ਵਧੇਰੇ ਸਹਾਇਤਾ, ਹੋਰ ਜ਼ਿਆਦਾ ਫ਼ਾਊਂਡਰੀ ਸੈਂਟਰ, ਬੱਚਿਆਂ ਅਤੇ ਨੌਜੁਆਨਾਂ ਲਈ ਸੰਯੁਕਤ ਸਹਾਇਤਾ ਟੀਮਾਂ ਦੀ ਗਿਣਤੀ ਚੌਗਣੀ ਕਰਨਾ, ਅਤੇ ਉਵਰਡੋਜ਼ ਸੰਕਟ ਪ੍ਰਤੀ ਕਾਰਵਾਈ ਦਾ ਦਾਇਰਾ ਵਧਾਉਣਾ- ਜੋ ਬੀ ਸੀ ਦੇ ਇਤਿਹਾਸ ਵਿੱਚ ਮਾਨਸਕ ਸਿਹਤ ਅਤੇ ਨਸ਼ਾਖੋਰੀ ਲਈ ਸੇਵਾਵਾਂ ਵਿੱਚ ਸਭ ਤੋਂ ਵੱਡਾ ਨਿਵੇਸ਼ ਹੈ।
- ਹਸਪਤਾਲਾਂ ਦੀ ਉਸਾਰੀ ਕਰ ਕੇ ਘਰਾਂ ਦੇ ਨਜ਼ਦੀਕ ਬਿਹਤਰ ਸਾਂਭ-ਸੰਭਾਲ ਪ੍ਰਦਾਨ ਕਰਨਾ, ਜਿਸ ਵਿੱਚ ਨਵਾਂ ਸਰੀ ਹਸਪਤਾਲ ਅਤੇ ਕੈਂਸਰ ਸੈਂਟਰ, ਅਤੇ ਪੂਰੇ ਦੇ ਬੀ ਸੀ ਦੇ ਭਾਈਚਾਰਿਆਂ ਵਿੱਚ ਨਵੇਂ ਫ਼ੌਰੀ ਅਤੇ ਮੁਢਲੇ ਸਾਂਭ-ਸੰਭਾਲ ਕੇਂਦਰ ਸ਼ਾਮਲ ਹਨ।
- ਸਿਹਤ-ਸੰਭਾਲ ਦੇ ਖੇਤਰ ਵਿੱਚ ਵਿਵਸਥਾਗਤ ਨਸਲਵਾਦ ਦਾ ਸਮਾਧਾਨ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਮੂਲਵਾਸੀ ਲੋਕਾਂ ਦੀ ਸੱਭਿਆਚਾਰਕ ਲਿਹਾਜ਼ ਨਾਲ ਉਚਿਤ ਸਾਂਭ-ਸੰਭਾਲ ਤੱਕ ਪਹੁੰਚ ਹੋ ਸਕੇ।

### ਲੋਕਾਂ ਅਤੇ ਕਾਰੋਬਾਰਾਂ ਨੂੰ ਸਹਾਰਾ

- 12 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਜਨਤਕ ਆਵਾਜਾਈ ਮੁਫ਼ਤ ਕਰਨ ਨਾਲ ਪਰਿਵਾਰਾਂ ਨੂੰ ਪ੍ਰਤੀ ਬੱਚਾ ਇੱਕ ਸਾਲ ਵਿੱਚ $672 ਤੱਕ ਦੀ ਬੱਚਤ।
- $10 ਪ੍ਰਤੀ ਦਿਨ ਵਾਲੀਆਂ ਬਾਲ-ਸੰਭਾਲ ਥਾਂਵਾਂ ਦੀ ਗਿਣਤੀ ਦੁੱਗਣੀ ਕਰ ਕੇ, ਅਰਲੀ ਚਾਈਲਡਹੁੱਡ ਐਜੂਕੇਟਰਾਂ ਲਈ ਉਜਰਤ ਵਿੱਚ ਵਾਧਾ ਦੁੱਗਣਾ ਕਰ ਕੇ, ਅਤੇ ਇਨ੍ਹਾਂ ਥਾਂਵਾਂ ਦਾ ਨਿਰਮਾਣ ਕਰਨਾ ਅਤੇ ਦਾਇਰਾ ਵਧਾਉਣਾ ਜਾਰੀ ਰੱਖ ਕੇ, ਖ਼ਰੀਦ-ਪਹੁੰਚ ਯੋਗ, ਗੁਣਵੱਤਾ-ਭਰਪੂਰ ਬਾਲ-ਸੰਭਾਲ ਦੀ ਉਪਲਬਧਤਾ ਆਸਾਨ ਬਣਾਉਣਾ।
- ਐਬਰਿਜਿਨਲ ਹੈੱਡ ਸਟਾਰਟ ਪ੍ਰੋਗਰਾਮ, ਜੋ ਮੂਲਵਾਸੀ ਪਰਿਵਾਰਾਂ ਨੂੰ ਸੱਭਿਆਚਾਰਕ ਲਿਹਾਜ਼ ਨਾਲ ਉਚਿਤ ਬਾਲ-ਸੰਭਾਲ ਪ੍ਰਦਾਨ ਕਰਦਾ ਹੈ, ਰਾਹੀਂ 400 ਹੋਰ ਸਥਾਨ ਉਤਪੰਨ ਕਰਨਾ।
- ਬੀ ਸੀ ਰਿਕਵਰੀ ਫ਼ੰਡ ਦੀ ਮਾਲੀ ਮਦਦ ਜਾਰੀ ਰੱਖਣਾ, ਜਿਸ ਨਾਲ ਅੱਜ ਦੀ ਤਾਰੀਖ਼ ਤੱਕ 2.5 ਮਿਲੀਅਨ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਮਦਦ ਮਿਲੀ ਹੈ ਅਤੇ ਪਰਿਵਾਰਾਂ ਅਤੇ ਇਕੱਲੇ ਮਾਪਿਆਂ ਨੂੰ $1,000 ਤੱਕ, ਅਤੇ ਇਕੱਲੇ ਵਿਅਕਤੀਆਂ ਨੂੰ $500 ਤੱਕ ਪ੍ਰਾਪਤ ਹੁੰਦੇ ਹਨ।
- ਅੱਜ ਤੱਕ ਪਹਿਲੀ ਵਾਰ ਕੀਤੇ ਜਾਣ ਵਾਲੇ ਸੀਨੀਅਰ ਸਪਲੀਮੈਂਟ ਵਿੱਚ ਵਾਧੇ ਰਾਹੀਂ ਘੱਟ ਆਮਦਨੀ ਵਾਲੇ 80,000 ਬਜ਼ੁਰਗਾਂ ਦੀ ਸਹਾਇਤਾ ਕਰਨਾ।
- ਆਮਦਨੀ ਸਹਾਇਤਾ ਅਤੇ ਡਿਸੇਬਿਲਿਟੀ ਸਹਾਇਤਾ ਦੀਆਂ ਦਰਾਂ ਵਿੱਚ ਅੱਜ ਤੱਕ ਦਾ ਸਭ ਤੋਂ ਵੱਡਾ ਪੱਕਾ ਵਾਧਾ ਪ੍ਰਦਾਨ ਕਰ ਕੇ, ਜੋ 2017 ਤੋਂ ਬਾਦ ਆਮਦਨੀ ਸਹਾਇਤਾ ਵਿੱਚ 53% ਦਾ ਵਾਧਾ ਹੈ, ਉਨ੍ਹਾਂ ਲੋਕਾਂ ਦੀ ਸਹਾਇਤਾ ਕਰਨਾ ਜੋ ਸਭ ਤੋਂ ਵੱਧ ਸੰਘਰਸ਼ ਕਰ ਰਹੇ ਹਨ।
- ਕਈ ਕਿਸਮ ਦੀਆਂ ਗ੍ਰਾਂਟਾਂ ਅਤੇ ਮਾਲੀ ਮਦਦ ਨਾਲ ਬੀ ਸੀ ਦੇ ਕਾਰੋਬਾਰਾਂ ਨੂੰ ਸਥਿਤੀ ਅਨੁਸਾਰ ਢਲਣ ਲਈ ਸਹਾਰਾ ਦੇਣਾ, ਜਿਨ੍ਹਾਂ ਵਿੱਚੋਂ ਕੁਝ ਨੂੰ ਫ਼ੌਰੀ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁੱਕਾ ਹੈ, ਤਾਂ ਕਿ ਕਾਰੋਬਾਰਾਂ ਨੂੰ ਹਾਲਾਤ ਨਾਲ ਤਾਲਮੇਲ ਬਿਠਾਉਣ ਅਤੇ ਅੱਗੇ ਵਧਣ ਵਿੱਚ ਮਦਦ ਮਿਲ ਸਕੇ।
- ਇਹ ਯਕੀਨੀ ਬਣਾਉਣ ਲਈ ਮਦਦ ਕਰਨਾ ਕਿ ਸੈਰ-ਸਪਾਟਾ ਕਾਰੋਬਾਰ ਅਤੇ ਭਾਈਚਾਰੇ ਇਸ ਮਹਾਮਾਰੀ ਦੀ ਸਥਿਤੀ ਵਿੱਚੋਂ ਗੁਜ਼ਰ ਸਕਣ ਅਤੇ ਜਦੋਂ ਸੈਲਾਨੀ ਸੁਰੱਖਿਅਤ ਢੰਗ ਨਾਲ ਵਾਪਸ ਆ ਸਕਣ, ਤਾਂ ਪ੍ਰਫ਼ੁੱਲਤ ਹੋਣ ਲਈ ਤਿਆਰ ਰਹਿਣ।
- ਕੈਂਪਗਰਾਊਂਡਾਂ ਅਤੇ ਟਰੇਲਾਂ ਦੀ ਹਾਲਤ ਵਿੱਚ ਸੁਧਾਰ ਕਰਨ ਦੇ ਨਾਲ ਨਾਲ 2022 ਤੋਂ ਸ਼ੁਰੂ ਕਰ ਕੇ, ਪੂਰੇ ਸੂਬੇ ਵਿੱਚ ਹਰ ਸਾਲ 100 ਤੱਕ ਨਵੀਆਂ ਕੈਂਪਸਾਈਟਾਂ ਦਾ ਹੋਰ ਵਾਧਾ ਕਰਨਾ।

### ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਲਈ ਬੁਨਿਆਦ ਦਾ ਨਿਰਮਾਣ

- ਬੁਨਿਆਦੀ ਢਾਂਚੇ ਵਿੱਚ ਰਿਕਾਰਡ-ਪੱਧਰੀ ਨਿਵੇਸ਼ ਨਾਲ 85,000 ਤੋਂ ਵੱਧ ਨੌਕਰੀਆਂ ਪੈਦਾ ਕਰਨਾ ਅਤੇ ਪੂਰੇ ਬੀ ਸੀ ਵਿੱਚ ਭਾਈਚਾਰਿਆਂ ਨੂੰ ਮਜ਼ਬੂਤ ਬਣਾਉਣਾ- ਜਿਸ ਲਈ ਇਸ ਬਜਟ ਵਿੱਚ $3.5 ਬਿਲੀਅਨ ਦਾ ਵਾਧਾ ਕੀਤਾ ਗਿਆ ਹੈ।
- ਪੋਸਟ-ਸੈਕੰਡਰੀ ਸਿੱਖਿਆ ਅਤੇ ਹੁਨਰ ਸਿਖਲਾਈ ਪ੍ਰੋਗਰਾਮਾਂ ਵਿੱਚ ਨਿਵੇਸ਼ ਰਾਹੀਂ ਹਜ਼ਾਰਾਂ ਹੀ ਲੋਕਾਂ ਦੀ ਸਿਹਤ-ਸੰਭਾਲ ਵਰਗੇ ਖੇਤਰਾਂ ਵਿੱਚ ਨਵੀਆਂ ਨੌਕਰੀਆਂ ਹਾਸਲ ਕਰਨ ਵਿੱਚ ਮਦਦ ਕਰਨਾ।
- ਇਹ ਯਕੀਨੀ ਬਣਾਉਣਾ ਕਿ ਸਟਰੌਂਗਰ ਬੀ ਸੀ ਫ਼ਿਊਚਰ ਲੀਡਰਜ਼ ਪ੍ਰੋਗਰਾਮ ਰਾਹੀਂ 5,000 ਤੋਂ ਵੱਧ ਨੌਜੁਆਨ ਲੋਕਾਂ ਨੂੰ ਨੌਕਰੀਆਂ, ਇੰਟਰਨਸ਼ਿਪ ਅਤੇ ਕੋ-ਆਪ ਮਿਲ ਸਕਣ, ਅਤੇ 3,000 ਵਿਦਿਆਰਥੀਆਂ ਨੂੰ ਕਾਰਜ ਸੰਯੁਕਤ ਸਿਖਲਾਈ ਹਾਸਲ ਕਰਨ ਲਈ ਕੰਮ 'ਤੇ ਲੱਗ ਸਕਣ ਦੇ ਨਵੇਂ ਅਵਸਰਾਂ ਦਾ ਲਾਭ ਮਿਲ ਸਕੇ।
- ਵਿਕਾਸ ਵਿੱਤ-ਪੋਸ਼ਣ ਵਿੱਚ $2 ਬਿਲੀਅਨ ਨਾਲ ਦਰਮਿਆਨੀ-ਆਮਦਨੀ ਵਾਲੇ ਪਰਿਵਾਰਾਂ ਲਈ 9,000 ਨਵੇਂ ਘਰਾਂ ਦਾ ਨਿਰਮਾਣ ਕਰਨਾ।
- ਸੈਰ-ਸਪਾਟਾ ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ $120 ਮਿਲੀਅਨ ਨਾਲ ਸਹਾਰਾ ਦੇਣਾ, ਜਿਸ ਵਿੱਚ ਟਰੇਲਾਂ ਵਰਗੇ ਨਵੇਂ ਸੈਰ-ਸਪਾਟਾ ਬੁਨਿਆਦੀ ਢਾਂਚੇ ਰਾਹੀਂ ਅਤੇ ਹਵਾਈ ਅੱਡਿਆਂ ਦੀ ਸਥਿਤੀ ਵਿੱਚ ਸੁਧਾਰ ਕਰ ਕੇ ਭਵਿੱਖ ਦੇ ਸੈਲਾਨੀਆਂ ਲਈ ਤਿਆਰੀ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਗ੍ਰਾਂਟਾਂ ਸ਼ਾਮਲ ਹਨ।
- ਉਤਸਰਜਨ ਘਟਾਉਣਾ, ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ, ਆਰਥਕਤਾ ਦਾ ਵਿਸਤਾਰ ਕਰਨਾ ਅਤੇ ਕਲੀਨ ਬੀ ਸੀ ਵਿੱਚ $506 ਮਿਲੀਅਨ ਦੇ ਹੋਰ ਵਧੇਰੇ ਨਿਵੇਸ਼ਾਂ ਦੁਆਰਾ ਰੁਜ਼ਗਾਰ ਅਵਸਰ ਉਤਪੰਨ ਕਰਨਾ।
- ਪੂਰੇ ਬੀ ਸੀ ਵਿੱਚ ਸੰਪਰਕ-ਯੋਗਤਾ ਵਿੱਚ ਸੁਧਾਰ ਕਰਨ ਲਈ ਸਾਲਾਨਾ ਮਾਲੀ ਮਦਦ ਨੂੰ ਸਥਾਈ ਬਣਾਉਣਾ।
- ਉੱਚ-ਸੰਭਾਵਨਾ ਵਾਲੇ ਕਾਰੋਬਾਰਾਂ ਨੂੰ ਇਨ ਬੀ ਸੀ ਦੁਆਰਾ ਮਾਲੀ ਸਹਾਇਤਾ ਪ੍ਰਦਾਨ ਕਰ ਕੇ ਬੀ ਸੀ ਵਿੱਚ ਵਧਣ ਫ਼ੁੱਲਣ ਵਿੱਚ ਮਦਦ ਕਰਨਾ, ਜੋ $500-ਮਿਲੀਅਨ ਦਾ ਇੱਕ ਨਵਾਂ ਰਣਨੀਤਕ ਨਿਵੇਸ਼ ਫ਼ੰਡ ਹੈ ਜਿਸ ਨਾਲ ਆਰਥਕ, ਵਾਤਾਵਰਣ ਸਬੰਧੀ ਅਤੇ ਸਮਾਜਕ ਲਾਭ ਹਾਸਲ ਹੋਣਗੇ।

“ਜਿਸ ਸਮੇਂ ਤੋਂ ਇਸ ਮਹਾਮਾਰੀ ਨੇ ਹਮਲਾ ਕੀਤਾ ਹੈ, ਅਸੀਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਵੱਖ-ਵੱਖ ਪ੍ਰਕਾਰ ਦੀ ਸਹਾਇਤਾ ਦਿੱਤੀ ਹੈ, ਜੋ ਇਸ ਗੱਲ ਤੋਂ ਚਕਰਾਏ ਹੋਏ ਸਨ ਕਿ ਕਿੰਨੀ ਤੇਜ਼ੀ ਨਾਲ ਸਾਡੇ ਸਾਰਿਆਂ ਦੀਆਂ ਜ਼ਿੰਦਗੀਆਂ ਉਥਲ ਪੁਥਲ ਹੋ ਗਈਆਂ ਸਨ,” ਰੌਬਿਨਸਨ ਨੇ ਕਿਹਾ, “ਬਜਟ 2021 ਦਾ ਨਿਰਮਾਣ ਉਸ ਅਧਾਰ ‘ਤੇ ਕੀਤਾ ਗਿਆ ਹੈ ਜੋ ਅਸੀਂ ਪਿਛਲੇ ਵਰ੍ਹੇ ਵਿੱਚ ਸਿੱਖਿਆ ਹੈ ਕਿ ਹੁਣ ਲੋਕਾਂ ਦੀ ਮਦਦ ਕਰਨਾ ਜਾਰੀ ਰੱਖਣ ਦੇ ਨਾਲ ਨਾਲ ਸਾਡੇ ਸੂਬੇ ਵਿੱਚ ਲੋਕਾਂ ਅਤੇ ਕਾਰੋਬਾਰਾਂ ਲਈ ਅਜਿਹੀ ਨੀਂਹ ਰੱਖੀ ਜਾਵੇ ਜਿਸ ਨਾਲ ਉਹ ਆਰਥਕ ਮੁੜ-ਬਹਾਲੀ ਦੁਆਰਾ ਪੇਸ਼ ਕੀਤੇ ਜਾਣ ਵਾਲੇ ਅਵਸਰਾਂ ਦਾ ਲਾਭ ਉਠਾ ਸਕਣ।”

ਸੂਬਾ ਸਰਕਾਰ ਵੱਲੋਂ ਪੇਸ਼ ਕੀਤੇ ਪਿਛਲੇ ਬਜਟ ਤੋਂ ਬਾਦ ਦੁਨੀਆ ਨਾਟਕੀ ਢੰਗ ਨਾਲ ਬਦਲ ਗਈ ਹੈ। ਬੀ ਸੀ ਦੇ ਅਸਲ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਬਾਰੇ ਅਨੁਮਾਨ ਹੈ ਕਿ ਇਹ 2020 ਵਿੱਚ 5.3% ਤੱਕ ਘਟ ਗਿਆ ਸੀ। ਆਰਥਕ ਮੁੜ-ਬਹਾਲੀ ਦੇ ਜਾਰੀ ਰਹਿਣ ਨਾਲ, ਬੀ ਸੀ ਦੇ ਅਸਲ ਜੀ ਡੀ ਪੀ ਵਿੱਚ 2021 ਵਿੱਚ 4.4% ਤੱਕ ਅਤੇ 2022 ਵਿੱਚ 3.8% ਤੱਕ ਵਾਧਾ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ, ਜੋ ਅਗਲੇ ਸਾਲ ਤੱਕ ਮਹਾਮਾਰੀ ਤੋਂ ਪਹਿਲਾਂ ਦੇ ਪੱਧਰ ਤੱਕ ਪਹੁੰਚ ਜਾਏਗੀ। 2021-22 ਤੋਂ ਆਰੰਭ ਹੋ ਕੇ, ਅਗਲੇ ਤਿੰਨ ਸਾਲਾਂ ਦੌਰਾਨ, ਘਾਟੇ ਵਿੱਚ ਨਿਰੰਤਰ ਕਮੀ ਹੁੰਦੇ ਰਹਿਣਾ ਪ੍ਰਸਤਾਵਿਤ ਹੈ।

ਨੌਂ ਪਿੱਠ-ਭੂਮੀਆਂ ਅੱਗੇ ਦਿੱਤੀਆਂ ਹਨ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710

---